ਨੰ: 1/13/2004-ਰਸ1/556

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਾਜ ਦੀਆਂ ਸਮੂਹ ਡਵੀਜ਼ਨਾਂ ਦੇ ਕਮਿਸ਼ਨਰ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈਕੋਰਟ,
ਸਮੂਹ ਜ਼ਿਲ੍ਹਾ ਤੇ ਸੈਸ਼ਨ ਜੱਜ, ਅਤੇ
ਸਮੂਹ ਉਪ ਮੰਡਲ ਅਫਸਰ (ਸਿਵਲ)।

ਮਿਤੀ: ਚੰਡੀਗੜ੍ਹ, 23.04.2009

ਵਿਸ਼ਾ :- ਪੰਜਾਬ ਸਰਕਾਰ ਦੀਆਂ ਸੇਵਾਵਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਵਾਸਤੇ ਜਾਰੀ ਕੀਤੀਆਂ ਰਿਜ਼ਰਵੇਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਬਾਰੇ।

***********

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 1/13/2004-ਆਰ.ਸੀ. 1/1319-1323, ਮਿਤੀ: 19.10.2004 ਵੱਲ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਦੇ ਪੈਰਾਂ-1 ਦੀਆਂ ਹੇਠ ਦਰਜ ਅੰਤਿਮ ਦੋ ਲਾਈਨਾਂ:-

"ਪੰਜਾਬ ਸਰਕਾਰ, ਰਾਜ ਦੀਆਂ ਸੇਵਾਵਾਂ ਤੇ ਆਸਾਮੀਆਂ (ਸਿੱਧੀ ਭਰਤੀ ਅਤੇ ਤਰੱਕੀਆਂ ) ਵਿੱਚ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਨੂੰ ਯੋਗ ਪ੍ਰਤੀਨਿਧਤਾ ਦਿੱਤੇ ਜਾਣ ਲਈ ਵਚਨ-ਬੱਧ ਹੈ"

ਪੜ੍ਹਦੇ ਹੋਏ ਪਛੜੀ ਸ੍ਰੇਣੀ ਨਾਲ ਸਬੰਧਤ ਕਈ ਅਧਿਕਾਰੀ/ਕਰਮਚਾਰੀ ਇਹ ਅਰਥ ਲੈਂਦੇ ਹਨ ਕਿ ਪਦ-ਉਨਤੀਆਂ ਵਿੱਚ ਉਹਨਾਂ ਲਈ ਰਾਖਵਾਂਕਰਨ ਬਰਕਰਾਰ ਹੈ ਜਦਕਿ ਸਰਕਾਰ ਵੱਲੋਂ ਪਛੜੀਆਂ ਸ੍ਰੇਣੀਆਂ ਲਈ ਮਿਤੀ: 15.11.97 ਤੋਂ ਬਾਅਦ ਪਦ-ਉੱਨਤੀਆਂ ਵਿੱਚ ਰਿਜ਼ਰਵੇਸਨ ਬੰਦ ਕਰ ਦਿੱਤੀ ਗਈ ਹੈ।

2. ਪਛੜੀਆਂ ਸ੍ਰੇਣੀਆਂ ਨਾਲ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਵਿੱਚ ਪਾਏ ਗਏ ਭੁਲੇਖੇ ਨੂੰ ਦੂਰ ਕਰਨ ਲਈ ਸਰਕਾਰ ਵੱਲੋਂ ਹਦਾਇਤਾਂ ਮਿਤੀ: 19.10.04 ਦੇ ਪੈਰ੍ਹਾਂ-1 ਦੀਆਂ ਉਕਤ ਦਰਜ ਲਾਈਨਾਂ ਵਿਚ ਸੋਧ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਲਈ ਉਪਰੋਕਤ ਪੈਰ੍ਹਾਂ-1 ਵਿਚ ਦਰਜ ਲਾਈਨਾਂ ਦੀ ਥਾਂ ਨਿਮਨਲਿਖਤ ਅਨੁਸਾਰ ਪੜ੍ਹਨ ਦੀ ਖੇਚਲ ਕੀਤੀ ਜਾਵੇ।

"ਪੰਜਾਬ ਸਰਕਾਰ, ਰਾਜ ਦੀਆਂ ਸੇਵਾਵਾਂ ਤੇ ਆਸਾਮੀਆਂ ਵਿੱਚ ਅਨੁਸੂਚਿਤ ਜਾਤੀਆਂ ਨੂੰ (ਸਿੱਧੀ ਭਰਤੀ ਅਤੇ ਤਰੱਕੀਆਂ) ਅਤੇ ਪਛੜੀਆਂ ਸ੍ਰੇਣੀਆਂ ਨੂੰ (ਸਿੱਧੀ ਭਰਤੀ) ਯੋਗ ਪ੍ਰਤੀਨਿਧਤਾ ਦਿੱਤੇ ਜਾਣ ਲਈ ਵਚਨ-ਬੱਧ ਹੈ।"

**ਸੰਯੁਕਤ ਸਕੱਤਰ ਭਲਾਈ**

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

**ਸੰਯੁਕਤ ਸਕੱਤਰ ਭਲਾਈ**

1. ਰਾਜ ਦੇ ਸਮੂਹ ਵਿੱਤੀ ਕਮਿਸਨਰ।
2. ਰਾਜ ਦੇ ਸਮੂਹ ਪ੍ਰਮੁੱਖ ਸਕੱਤਰ।
3. ਰਾਜ ਦੇ ਸਮੂਹ ਪ੍ਰਬੰਧਕੀ ਸਕੱਤਰ।

ਅੰ:ਵਿ:ਪੱ:ਨੰ: 1/13/2004-ਰਸ 1/557 ਮਿਤੀ, ਚੰਡੀਗੜ੍ਹ, 23.4.2009

ਪਿੱਠ ਅੰਕਣ ਨੰ: 1/13/2004-ਰਸ1/558 ਮਿਤੀ, ਚੰਡੀਗੜ੍ਹ, 23.4.2009

ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਸੰਯੁਕਤ ਸਕੱਤਰ ਭਲਾਈ**

ਪਿੱਠ ਅੰਕਣ ਨੰ: 1/13/2004-ਰਸ1 / 559 ਮਿਤੀ, ਚੰਡੀਗੜ੍ਹ, 23.4.2009

ਉਤਾਰਾ ਮੈਂਬਰ ਸਕੱਤਰ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸਨ, ਕਮਰਾ ਨੰ: 8, ਮੰਜਿਲ-4, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਸੰਯੁਕਤ ਸਕੱਤਰ ਭਲਾਈ**